ਡਾਇਰੈਕਟਰ
ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ,
ਐਸ.ਸੀ.ਐਫ.ਨੰਬਰ:6-7, ਫੇਜ਼-1, ਐਸ.ਏ.ਐਸ.ਨਗਰ, ਮੋਹਾਲੀ।

ਸੇਵਾ ਵਿਖੇ

ਰਜਿਸਟਰਾਰ,
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।

ਮੀਮੋ ਨੰ ਸ 21/
ਮਿਤੀ, ਚੰਡੀਗੜ੍ਹ

ਵਿਸ਼ਾ:- ਅੰਬੇਦਕਰ ਸੰਸਥਾ ਆਫ ਕੈਰੀਅਰਜ਼ ਐਂਡ ਕੋਰਸਿਜ਼, ਮੋਹਾਲੀ ਵਿਖੇ ਗੈਸਟ ਫੈਕਲਟੀ ਮੈਂਬਰਜ਼ ਦਾ ਪੈਨਲ ਬਣਾਉਣ ਸਬੰਧੀ।

ਅੰਬੇਦਕਰ ਇਸੰਟੀਚਿਊਟ ਆਫ ਕੈਰੀਅਰਜ਼ ਐਂਡ ਕੋਰਸਿਜ਼, ਮੋਹਾਲੀ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਰਾਹੀਂ ਚਲਾਇਆ ਜਾਣ ਵਾਲਾ ਇੱਕ ਵਿਦਿਅਕ ਅਦਾਰਾ ਹੈ, ਜਿਸ ਵਿੱਚ ਘੱਟ ਆਮਦਨ ਵਰਗ ਦੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਉਮੀਦਵਾਰਾਂ ਨੂੰ ਵੱਖ-ਵੱਖ ਮੁਕਾਬਲੇ ਦੇ ਇਮਤਿਹਾਨਾਂ ਜਿਵੇਂ ਕਿ ਆਈ.ਏ.ਐਸ., ਪੀ.ਸੀ.ਐਸ., ਬੈਕਿੰਗ ਸਰਵਿਸਿਜ਼ ਆਦਿ ਦੀ ਫਰੀ ਕੋਚਿੰਗ ਅਤੇ ਰਿਹਾਇਸ਼ (ਹੋਸਟਲ) ਪੰਜਾਬ ਸਰਕਾਰ ਦੁਆਰਾ ਮੁਹੱਈਆ ਕਰਵਾਈ ਜਾਂਦੀ ਹੈ। ਸੰਸਥਾ ਦੀ ਸਾਰੀ ਰੈਗੂਲਰ ਫੈਕਲਟੀ ਮਿਤੀ 31-05-2020 ਤੱਕ ਰਿਟਾਇਰ ਹੋ ਰਹੀ ਹੈ। ਸੰਸਥਾ ਵਿਖੇ ਟੀਚਿੰਗ ਦਾ ਕੰਮ ਓਨੀ ਦੇਰ ਤੱਕ ਵਿਜਟਿੰਗ ਫੈਕਲਟੀ ਮੈਂਬਰਾਂ ਦੇ ਸਹਿਯੋਗ ਨਾਲ ਚਲਾਇਆ ਜਾਣਾ ਹੈ, ਜਿੰਨੀ ਦੇਰ ਤੱਕ ਰੈਗੂਲਰ ਫੈਕਲਟੀ ਮੈਂਬਰਜ਼ ਦੀ ਨਿਯੁਕਤੀ ਨਹੀਂ ਹੋ ਜਾਂਦੀ।

ਸੰਸਥਾ ਲਈ ਵਿਜਟਿੰਗ ਫੈਕਲਟੀ ਮੈਬਰਾਂ ਦਾ ਪੈਨਲ ਪੰਜਾਬ ਯੂਨੀਵਰਸਿਟੀ ਦੇ ਵੱਖਰੇ-ਵੱਖਰੇ ਡਿਪਾਰਟਮੈਂਟਸ ਵਿੱਚ ਕੰਮ ਕਰ ਰਹੇ ਅਸਿਸਟੈਂਟ ਪ੍ਰੋਫੈਸਰ/ਪ੍ਰੋਫੈਸਰ ਦਾ ਬਣਾਇਆ ਜਾਣਾ ਹੈ, ਜਿਸ ਵਿੱਚੋ ਲੋੜ ਮੁਤਾਬਕ, ਲੈਕਚਰ ਦੇਣ ਲਈ ਵਿਸ਼ਾ ਮਾਹਿਰਾਂ ਨੂੰ ਬੁਲਾ ਕੇ ਕੋਚਿੰਗ ਮੁਹੱਈਆ ਕਰਵਾਉਣ ਦੀ ਤਜਵੀਜ ਹੈ। ਸੰਸਥਾ ਵਿਖੇ ਰੁਟੀਨ ਦੇ ਚੱਲਣ ਵਾਲੇ ਹੇਠ ਲਿਖੇ ਕੋਰਸਾਂ ਲਈ ਹੇਠ ਦਰਸਾਏ ਵਿਸ਼ਿਆਂ ਵਿੱਚ ਮਾਹਿਰਾਂ ਦਾ ਪੈਨਲ ਬਣਾਉਣ ਦੀ ਲੋੜ ਹੈ:-

| ਕੋਰਸ ਦਾ ਨਾਂ | ਵਿਸ਼ੇ ਦੇ ਮਾਹਿਰ |
|---|---|
| ਬੈਂਕ ਪੀ.ਓ. | English Language, Reasoning Ability & Quantitative Aptitude, General/ economy/ Banking Awareness, Computer Aptitude, Data Analysis & Interpretation. |
| ਆਈ.ਏ.ਐਸ/ਪੀ.ਸੀ.ਐਸ. | English, Mental ability, Economics, History, Political Science, Bio Sciences, Geography & Current events, Punjabi. |

ਸੰਸਥਾ ਵਿਖੇ ਆਉਣ ਲਈ ਵਿਜਟਿੰਗ ਫੈਕਲਟੀ ਮੈਂਬਰਾਂ ਨੂੰ ਵਿਭਾਗ ਵੱਲੋਂ 750/-ਰੁਪਏ ਪ੍ਰਤੀ ਘੰਟੇ ਦੇ ਹਿਸਾਬ ਨਾਲ ਇਵਜਾਨਾ ਦਿੱਤਾ ਜਾਂਦਾ ਹੈ।

ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਸਾਰਣੀ ਅਨੁਸਾਰ ਵਿਸ਼ੇ ਪੜ੍ਹਾਉਣ ਦੇ ਮਾਹਿਰਾਂ ਦਾ ਨਾਂ ਇਸ ਵਿਭਾਗ ਨੂੰ ਜਲਦੀ ਤੋਂ ਜਲਦੀ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਕਿ ਸੰਸਥਾ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਉੱਚ ਪੱਧਰ ਦੀ ਕੋਚਿੰਗ ਮੁਹੱਈਆ ਕਰਵਾ ਸਕੇ।

ਸਹੀ/-
ਡਾਇਰੈਕਟਰ

ਪਿੱਠ ਅੰਕਣ ਨੰਬਰ ਸ 21/ 10383
ਮਿਤੀ, ਚੰਡੀਗੜ੍ਹ 21-5-2020

R02|20|6776
10|6|2020

D-EST|20|751
10/6/2020

DU12|29|170
11/6/2020

PANJAB UNIVERSITY CHANDIGARH

The office has received a copy of letter dated 21.05.2020 addressed to the Registrar, PU from the Director of Social Justice, Empowerment & Minorities, Punjab, SCF No. 6-7, Phase-I SAS Nagar, Mohali to constitute the panel of Guest Faculty member for Ambedkar Institute of Career And Course, Mohali.

In the letter, they have requested to send the name of Subject Experts to teach various subject as mentioned in the letter.

In this regard, it is submitted that the letter under reference may be submitted to the D.U.I. for further necessary action in the matter, please.

09.06.2020
OS Estt.-I

A.R. (Estt.)
D.R.(Estt.)
Registrar
D.U.I.

9/6/2020

10/6/20

10/6/2020

10/6/20